# COVID-19:
# ਸਕੂਲਾਂ ਅਤੇ ਬਾਲ ਦੇਖਭਾਲ ਕੇਂਦਰਾਂ ਨੂੰ ਦੁਬਾਰਾ ਖੋਲ੍ਹਣਾ

ਓਨਟਾਰੀਓ ਦੇ ਸਕੂਲਾਂ ਨੂੰ ਸੁਰੱਖਿਅਤ ਤਰੀਕੇ ਨਾਲ ਦੁਬਾਰਾ ਖੋਲ੍ਹਣ ਵਿੱਚ ਹਰ ਕਿਸੇ ਦੀ ਭਾਈਵਾਲੀ ਹੈ। ਇਸ ਕਰਕੇ ਓਨਟਾਰਿਓ ਸਰਕਾਰ ਨੇ ਸਾਡੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਵਾਸਤੇ ਇੱਕ ਵਿਆਪਕ ਯੋਜਨਾ ਬਣਾਉਣ ਲਈ ਡਾਕਟਰਾਂ, ਸਿਹਤ ਅਧਿਕਾਰੀਆਂ, ਸਕੂਲ ਬੋਰਡਾਂ ਅਤੇ ਸਿੱਖਿਅਕਾਂ ਨਾਲ ਕੰਮ ਕੀਤਾ।

ਸਰਕਾਰ ਦੀ ਯੋਜਨਾ ਵਿਚ ਵਧੇਰੇ ਸਾਫ-ਸਫਾਈ, ਵਿਦਿਆਰਥੀਆਂ ਅਤੇ ਸਕੂਲ ਦੇ ਸਟਾਫ ਦੀ ਤੰਦਰੁਸਤੀ ਨੂੰ ਯਕੀਨੀ ਬਣਾਉਣ ਵਿਚ ਮਦਦ ਕਰਨ ਲਈ ਵਧੇਰੇ ਅਧਿਆਪਕਾਂ, ਨਿਗਰਾਨਾਂ ਅਤੇ ਨਰਸਾਂ ਨੂੰ ਸਕੂਲਾਂ ਵਿੱਚ ਤੈਨਾਤ ਕਰਨਾ, ਹੱਥ ਧੋਣਾ, ਸਰੀਰਕ ਦੂਰੀ ਅਤੇ ਹੋਰ ਉਪਾਅ ਸ਼ਾਮਲ ਹਨ।

### ਇੱਕ ਨਵਾਂ ਵਿਕਲਪ: ਇਨ-ਕਲਾਸ ਜਾਂ ਰਿਮੋਟ ਸਿਖਲਾਈ

ਯੋਜਨਾ ਦੇ ਹਿੱਸੇ ਵਜੋਂ, ਇਨ-ਕਲਾਸ ਅਤੇ ਰਿਮੋਟ ਸਿਖਲਾਈ ਦੇ ਵਿਕਲਪ 2020-2021 ਸਕੂਲੀ ਸਾਲ ਲਈ ਐਲੀਮੈਂਟਰੀ ਅਤੇ ਸੈਕੰਡਰੀ ਵਿਦਿਆਰਥੀਆਂ ਦੋਵਾਂ ਲਈ ਉਪਲਬਧ ਹੋਣਗੇ। ਪਰਿਵਾਰ ਇਹ ਚੋਣ ਕਰ ਸਕਦੇ ਹਨ ਕਿ ਕੀ ਉਨ੍ਹਾਂ ਲਈ ਸਭ ਤੋਂ ਵਧੀਆ ਕੰਮ ਕਰਦਾ ਹੈ।

### ਬਾਲ ਦੇਖਭਾਲ ਕੇਂਦਰ

1 ਸਤੰਬਰ, 2020 ਤੋਂ ਸ਼ੁਰੂ ਕਰਦਿਆਂ, ਬਾਲ ਦੇਖਭਾਲ ਕੇਂਦਰਾਂ ਨੂੰ ਵਧੇਰੇ ਸੁਰੱਖਿਆ ਉਪਾਵਾਂ ਜਿਵੇਂ ਕਿ ਵਾਧੂ ਸਫਾਈ, ਬੱਚਿਆਂ ਅਤੇ ਸਟਾਫ ਮੈਂਬਰਾਂ ਦੀ ਸਕ੍ਰੀਨਿੰਗ, ਕਿਸੇ ਸਟਾਫ਼ ਮੈਂਬਰ ਜਾਂ ਬੱਚੇ ਦੇ ਬੀਮਾਰ ਹੋ ਜਾਣ ਦੀ ਸਥਿਤੀ ਵਿੱਚ ਸੰਪਰਕ ਟਰੇਸਿੰਗ ਲਈ ਹਾਜ਼ਰੀ ਰਿਕਾਰਡ ਰੱਖਣਾ ਅਤੇ ਸੁਰੱਖਿਆ ਪ੍ਰੋਟੋਕੋਲ ਸਥਾਪਤ ਕਰਨਾ, ਦੇ ਨਾਲ ਪੂਰੀ ਸਮਰੱਥਾ ਨਾਲ ਖੋਲ੍ਹਣ ਦੀ ਆਗਿਆ ਦਿੱਤੀ ਜਾਵੇਗੀ।

ਸਕੂਲ ਤੋਂ ਪਹਿਲਾਂ ਅਤੇ ਬਾਅਦ ਦੀਆਂ ਪ੍ਰੋਗਰਾਮਾਂ ਨੂੰ COVID-19 ਦੇ ਫੈਲਣ ਤੋਂ ਪਹਿਲਾਂ ਦੇ ਨਿਰਧਾਰਤ ਮਿਆਰੀ ਸਟਾਫ-ਬੱਚਿਆਂ ਦੇ ਅਨੁਪਾਤ ਅਤੇ ਵੱਧ ਤੋਂ ਵੱਧ ਗਰੁੱਪ ਆਕਾਰ ਦੀਆਂ ਜ਼ਰੂਰਤਾਂ ਦੇ ਨਾਲ ਸੰਚਾਲਨ ਦੀ ਆਗਿਆ ਦਿੱਤੀ ਜਾਵੇਗੀ।

Ontario.ca/ReopeningChildCare ‘ਤੇ ਵਧੇਰੇ ਜਾਣੋ

### ਐਲੀਮੈਂਟਰੀ ਸਕੂਲ: ਕਿੰਡਰਗਾਰਟਨ ਤੋਂ ਗ੍ਰੇਡ 8

ਕਿੰਡਰਗਾਰਟਨ ਤੋਂ ਲੈ ਕੇ ਗ੍ਰੇਡ 8 ਤੱਕ ਦੇ ਐਲੀਮੈਂਟਰੀ ਵਿਦਿਆਰਥੀ ਅੱਧੀ ਛੁੱਟੀ ਅਤੇ ਲੰਚ ਸਮੇਤ ਪੂਰੇ ਦਿਨ ਲਈ ਇੱਕੋ ਗਰੁੱਪ ਵਿੱਚ ਰਹਿੰਦੀਆਂ ਹਰ ਹਫਤੇ ਵਿੱਚ ਪੰਜ ਦਿਨ ਸਕੂਲ ਆਉਣ ਦੇ ਯੋਗ ਹੋਣਗੇ। ਜਮਾਤ ਦੇ ਗਰੁੱਪ ਪੂਰਾ ਦਿਨ ਇਕੱਠੇ ਰਹਿਣਗੇ।

### ਸੈਕੰਡਰੀ ਸਕੂਲ: ਗ੍ਰੇਡ 9-12

ਸੈਕੰਡਰੀ ਸਕੂਲ ਬੋਰਡ ਦੇ ਨਿਰਦੇਸ਼ ‘ਤੇ ਨਿਰਭਰ ਕਰਦਿਆਂ, ਰਵਾਇਤੀ ਜਾਂ ਅਨੁਕੂਲਿਤ ਵਿਅਕਤੀਗਤ ਸਿਖਲਾਈ ਅਤੇ ਹਿਦਾਇਤਾਂ ਨਾਲ ਸਤੰਬਰ ਵਿੱਚ ਖੁੱਲ੍ਹਣਗੇ (ਵਧੇਰੇ ਜਾਣਕਾਰੀ ਲਈ Ontario.ca/DesignatedSchools ਵਿਖੇ ਲਿੰਕ ਪਾਓ)।

ਗ੍ਰੇਡ 9 ਤੋਂ 12 ਦੇ ਜ਼ਿਆਦਾਤਰ ਸੈਕੰਡਰੀ ਵਿਦਿਆਰਥੀ ਅਨੁਕੂਲਿਤ ਮਾਡਲ ‘ਤੇ ਸਕੂਲ ਵਾਪਸ ਆਉਣਗੇ। ਵਿਦਿਆਰਥੀਆਂ ਕੋਲ ਵਿਦਿਆਰਥੀ-ਤੋਂ-ਵਿਦਿਆਰਥੀ ਸੰਪਰਕਾਂ ਦੀ ਸੰਖਿਆ ਨੂੰ ਸੀਮਤ ਕਰਨ ਲਈ, ਵੱਧ ਤੋਂ ਵੱਧ ਸੰਭਵ ਇੱਕ ਵਿਦਿਆਰਥੀਆਂ ਦੇ ਗਰੁੱਪ ਬਣਾਉਣ ‘ਤੇ ਜ਼ੋਰ ਪਾਉਣ ਲਈ ਤਿਆਰ ਕੀਤੀਆਂ ਸਮਾਂ ਸਾਰਣੀਆਂ ਹੋਣਗੀਆਂ।

### ਮਨੋਨੀਤ ਸਕੂਲ ਬੋਰਡ

ਮਨੋਨੀਤ ਸਕੂਲ ਬੋਰਡਾਂ ਦੇ ਸੈਕੰਡਰੀ ਸਕੂਲ, ਲਗਭਗ 15 ਵਿਦਿਆਰਥੀਆਂ ਦੇ ਕਲਾਸ ਸਮੂਹਾਂ ਨਾਲ, ਵਿਕਲਪਕ ਅਨੁਸੂਚੀ ‘ਤੇ ਸ਼ਾਮਲ ਹੁੰਦੇ ਹੋਏ, ਇੱਕ ਅਨੁਕੂਲਿਤ ਮਾਡਲ ‘ਤੇ ਖੁੱਲ੍ਹਣਗੇ ਜਿਸ ਵਿੱਚ ਘੱਟੋ ਘੱਟ 50% ਸਿਖਲਾਈ ਦੇ ਦਿਨਾਂ ਲਈ ਵਿਅਕਤੀਗਤ ਹਾਜ਼ਰੀ ਸ਼ਾਮਲ ਹੋਵੇਗੀ।

ਇੱਕ ਅਨੁਕੂਲਿਤ ਮਾਡਲ ਵਿੱਚ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੂੰ ਰਿਮੋਟ ਸਿਖਲਾਈ ਵਾਲੇ ਦਿਨਾਂ ਵਿੱਚ ਪਾਠਕ੍ਰਮ ਨਾਲ ਜੁੜੇ ਸੁਤੰਤਰ ਕੰਮ ਦਿੱਤੇ ਜਾਣਗੇ ਅਤੇ ਜਿੱਥੇ ਵੀ ਸੰਭਵ ਹੋਵੇ, ਹਰੇਕ ਸਕੂਲੀ ਦਿਨ ਦੇ ਹਿੱਸੇ ਲਈ ਆਪਣੇ ਅਧਿਆਪਕ ਅਤੇ ਸਹਿਪਾਠੀਆਂ ਦੇ ਨਾਲ ਨਿਯਮਿਤ ਆਨਲਾਈਨ ਸਿਖਲਾਈ ਵਿੱਚ ਹਿੱਸਾ ਲੈਣਗੇ।

### ਗੈਰ-ਮਨੋਨੀਤ ਸਕੂਲ ਬੋਰਡ

ਗੈਰ-ਮਨੋਨੀਤ **ਸਕੂਲ ਬੋਰਡਾਂ** ਦੇ ਸੈਕੰਡਰੀ ਸਕੂਲਾਂ ਨੂੰ ਹਰ ਹਫਤੇ ਪੰਜ ਦਿਨ ਖੋਲ੍ਹਣ ਦੀ ਆਗਿਆ ਦਿੱਤੀ ਜਾਵੇਗੀ। ਇਨ੍ਹਾਂ ਸਕੂਲ ਬੋਰਡਾਂ ਦੀ ਨਿਯੁਕਤੀ ਕਈ ਕਾਰਕਾਂ ‘ਤੇ ਨਿਰਭਰ ਕਰਦੀ ਹੈ ਜੋ ਸਕੂਲ ਬੋਰਡ ਦੇ ਆਕਾਰ, ਬੋਰਡ ਦੇ ਸੈਕੰਡਰੀ ਸਕੂਲਾਂ ਦੀ ਸੰਖਿਆ ਅਤੇ ਅਕਾਰ, ਸੈਕੰਡਰੀ ਗ੍ਰੇਡ ਗਰੁੱਪ ਦੇ ਆਕਾਰ, ਅਤੇ ਕੀ ਬੋਰਡ ਮੁੱਖ ਤੌਰ ‘ਤੇ ਸ਼ਹਿਰੀ ਹੈ, ਨੂੰ ਧਿਆਨ ਵਿੱਚ ਰੱਖਦੇ ਹਨ।

### ਸੁਰੱਖਿਆ ਨੀਤੀਆਂ

ਸਤੰਬਰ ਵਿੱਚ ਸਕੂਲਾਂ ਵਿੱਚ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਲਈ, ਹੇਠ ਲਿਖੀਆਂ ਸੁਰੱਖਿਆ ਨੀਤੀਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ:

- ਸਾਰੇ ਸਟਾਫ ਅਤੇ ਵਿਦਿਆਰਥੀਆਂ ਨੂੰ ਸਕੂਲ ਜਾਣ ਤੋਂ ਪਹਿਲਾਂ ਹਰ ਦਿਨ ਖੁਦ ਦੀ ਜਾਂਚ ਲਾਜ਼ਮੀ ਕਰਨੀ ਚਾਹੀਦੀ ਹੈ
- ਸਕੂਲ ਵਿਚਲੇ ਪੋਸਟਰ ਅਤੇ ਸੰਕੇਤ ਖੁਦ ਦੀ ਜਾਂਚ, ਹੱਥਾਂ ਦੀ ਸਫਾਈ, ਸਰੀਰਕ ਦੂਰੀ ਬਣਾਏ ਰੱਖਣ, ਹਾਲ-ਵੇਜ਼ ਦੀ ਇੱਕ ਤਰਫਾ ਵਰਤੋਂ, ਦਾਖਲ ਹੋਣ ਦੇ ਢੰਗ ਦੀਆਂ ਤਬਦੀਲੀਆਂ ਅਤੇ ਖੇਡ ਦੇ ਮੈਦਾਨਾਂ ਦੀ ਵਰਤੋਂ ਤੇ ਜ਼ੋਰ ਪਾਉਣਗੇ
- ਗ੍ਰੇਡ 4 ਤੋਂ 12 ਦੇ ਵਿਦਿਆਰਥੀਆਂ ਨੂੰ ਅੰਦਰ ਗੈਰ-ਡਾਕਟਰੀ ਜਾਂ ਕੱਪੜੇ ਦੇ ਮਾਸਕ ਪਹਿਨਣ ਦੀ ਲੋੜ ਹੋਏਗੀ। ਫੇਸ ਕਵਰਿੰਗ ਲੋੜੀਂਦੇ ਨਹੀਂ ਹਨ, ਪਰ ਗ੍ਰੇਡ 3 ਤੱਕ ਦੇ ਵਿਦਿਆਰਥੀਆਂ ਲਈ ਪ੍ਰੇਰਿਤ ਕੀਤਾ ਜਾਂਦਾ ਹੈ।
- ਸਾਰੇ ਅਧਿਆਪਕਾਂ ਅਤੇ ਸਟਾਫ ਲਈ ਨਿੱਜੀ ਸੁਰੱਖਿਆ ਉਪਕਰਣ ਮੁਹੱਈਆ ਕੀਤੇ ਜਾਣਗੇ, ਅਤੇ ਸਾਰੇ ਸਕੂਲ ਅਧਾਰਤ ਸਟਾਫ ਤੋਂ ਮਾਸਕ ਪਹਿਨਣ ਦੀ ਉਮੀਦ ਕੀਤੀ ਜਾਏਗੀ।

ਸਕੂਲਾਂ ਅਤੇ ਬੋਰਡਾਂ ਨੂੰ 500 ਤੱਕ ਨਵੀਆਂ ਜਨਤਕ ਸਿਹਤ ਨਰਸਾਂ ਦੁਆਰਾ ਵੀ ਸਹਾਇਤਾ ਦਿੱਤੀ ਜਾਏਗੀ ਜੋ ਸਥਾਨਕ ਸਿਹਤ ਪ੍ਰੋਟੋਕਾਲਾਂ ਨੂੰ ਲਾਗੂ ਕਰਨ ਅਤੇ ਬੱਚਿਆਂ ਅਤੇ ਸਟਾਫ ਨੂੰ ਸੁਰੱਖਿਅਤ ਰੱਖਣ ਅਤੇ ਟੈਸਟਿੰਗ ਵਿੱਚ ਸਹਾਇਤਾ ਕਰਨਗੀਆਂ।

ਓਨਟਾਰੀਓ ਸਰਕਾਰ ਬੋਰਡਾਂ ਨੂੰ ਉਪਲਬਧ ਭਾਈਚਾਰਕ ਜਗ੍ਹਾ ਦੀ ਵਰਤੋਂ ਕਰਨ, ਹੋਰ ਅਧਿਆਪਕ ਨਿਯੁਕਤ ਕਰਨ, ਜਾਂ ਸਮਾਂ-ਸਾਰਣੀ ਤੋਂ ਬਾਹਰ ਵਾਲੇ ਅਧਿਆਪਕਾਂ ਨੂੰ ਪੂਰੀ ਤਰ੍ਹਾਂ ਤਾਇਨਾਤ ਕਰਨ ਲਈ ਸਮਰੱਥ ਬਣਾ ਕੇ ਵਿਦਿਆਰਥੀਆਂ ਅਤੇ ਸਟਾਫ ਨੂੰ ਸੁਰੱਖਿਅਤ ਰੱਖਣ ਲਈ ਵਾਧੂ ਕਦਮ ਵੀ ਚੁੱਕ ਰਹੀ ਹੈ। ਅਜਿਹੀਆਂ ਕਾਰਵਾਈਆਂ ਛੋਟੇ ਜਮਾਤ ਆਕਾਰ ਮੁਹੱਈਆ ਕਰਨ, ਕਲਾਸ-ਰੂਮਾਂ ਵਿੱਚ ਵਧੇਰੇ ਸਰੀਰਕ ਦੂਰੀ ਬਣਾਏ ਰੱਖਣ ਦੀ ਆਗਿਆ ਦੇਣ, ਅਤੇ ਸਥਾਨਕ ਜ਼ਰੂਰਤਾਂ ਦੇ ਅਧਾਰ ਤੇ ਬੋਰਡਾਂ ਨੂੰ ਵਿਵਸਥਾਂ ਕਰਨ ਦੀ ਆਗਿਆ ਦੇਣ ਲਈ ਸਕੂਲ ਬੋਰਡਾਂ ਨੂੰ ਸਮਰੱਥ ਬਣਾਉਣਗੀਆਂ।

ਸਰਕਾਰ ਸਕੂਲਾਂ ਨੂੰ ਬਿਹਤਰ ਹਵਾਦਾਰ ਬਣਾਉਣ, ਸਕੂਲਾਂ ਵਿੱਚ ਹਵਾ ਦੀ ਗੁਣਵੱਤਾ ਅਤੇ HVAC (Heating Ventilation and Air Conditioning-ਹੀਟਿੰਗ ਵੈਂਟੀਲੇਸ਼ਨ ਅਤੇ ਏਅਰ ਕੰਡੀਸ਼ਨਿੰਗ) ਪ੍ਰਣਾਲੀਆਂ ਦੀ ਪ੍ਰਭਾਵਸ਼ੀਲਤਾ ਨੂੰ ਬਿਹਤਰ ਬਣਾਉਣ ਲਈ ਸਕੂਲ ਬੋਰਡਾਂ ਨੂੰ ਫੰਡ ਵੀ ਮੁਹੱਈਆ ਕਰ ਰਹੀ ਹੈ।

## COVID-19 ਦੇ ਲੱਛਣਾਂ ਦੀ ਨਿਗਰਾਨੀ ਕਰਨਾ ਅਤੇ ਪ੍ਰਤੀਕਿਰਿਆ ਦੇਣਾ

ਸਕੂਲ ਵਿੱਚ ਹੋਣ ਦੌਰਾਨ COVID-19 ਦੇ ਲੱਛਣਾਂ ਨੂੰ ਵਿਕਸਤ ਕਰਨ ਵਾਲੇ ਕਿਸੇ ਵੀ ਵਿਦਿਆਰਥੀ ਜਾਂ ਸਟਾਫ ਮੈਂਬਰ ਨੂੰਤੁਰੰਤ, ਜਿੱਥੇ ਸੰਭਵ ਹੋਵੇ ਇੱਕ ਵੱਖਰੇ ਕਮਰੇ ਵਿੱਚ, ਹੋਰਾਂ ਤੋਂ ਅਲੱਗ ਰੱਖਿਆ ਜਾਏਗਾ, ਜਦ ਤੱਕ ਉਹ ਘਰ ਜਾਣ ਦੇ ਯੋਗ ਨਹੀਂ ਹੋ ਜਾਂਦੇ। ਅਲੱਗ ਕੀਤੇ ਵਿਦਿਆਰਥੀਆਂ ਦੀ ਆਮ ਸਕੂਲ ਨੀਤੀ ਅਨੁਸਾਰ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ, ਸਰੀਰਕ ਦੂਰੀ ਨੂੰ ਬਣਾਏ ਰੱਖਿਆ ਜਾਣਾ ਚਾਹੀਦਾ ਹੈ ਅਤੇ ਮੁਹੱਈਆ ਕੀਤੇ PPE(personal protective equipment-ਨਿੱਜੀ ਸੁਰੱਖਿਆ ਉਪਕਰਣ)ਸਿਹਤ ਨਿਰਦੇਸ਼ ਦੇ ਅਨੁਕੂਲ ਹੋਣੇ ਚਾਹੀਦੇ ਹਨ। ਲੱਛਣਾਂ ਵਾਲੇ ਕਿਸੇ ਵੀ ਵਿਦਿਆਰਥੀ ਜਾਂ ਸਟਾਫ ਮੈਂਬਰ ਨੂੰ ਜਨਤਕ ਆਵਾਜਾਈ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਹੈ।

ਸਕਾਰਾਤਮਕ ਜਾਂਚ ਵਾਲੇ ਕਿਸੇ ਵੀ ਵਿਅਕਤੀ ਨੂੰ 14 ਦਿਨਾਂ ਲਈ ਆਪਣੇ ਆਪ ਨੂੰ ਅਲੱਗ ਰੱਖਣਾ ਚਾਹੀਦਾ ਹੈ ਅਤੇ ਜਨਤਕ ਸਿਹਤ ਦੁਆਰਾ ਉਹਨਾਂ ਨੂੰ ਸਹੀ ਦੱਸੇ ਜਾਣ ਤੱਕ ਸਕੂਲ ਵਾਪਸ ਨਹੀਂ ਆ ਸਕਦੇ ਹਨ।

ਜੇ ਤੁਸੀਂ ਲੱਛਣਾਂ ਵਾਲੇ ਮਾਤਾ-ਪਿਤਾ, ਸਰਪ੍ਰਸਤਾਂ ਜਾਂ ਸਕੂਲ ਦਾ ਸਟਾਫ ਹੋ, ਤਾਂ ਕੀਤੇ ਜਾਣ ਵਾਲੀ ਕਾਰਵਾਈ ਨੂੰ ਸਮਝਣ ਲਈ covid-19.ontario.ca/self-assessment ‘ਤੇ ਇੱਕ ਆਨਲਾਈਨ ਸਵੈ-ਮੁਲਾਂਕਣ ਪੂਰਾ ਕਰੋ।

## COVID-19 ਮਾਮਲਿਆਂ ਦੀ ਸੂਚਨਾ ਦੇਣਾ

ਸਕੂਲਾਂ ਨੂੰ ਸਕੂਲ ਦੇ ਅੰਦਰ ਦੇ ਕੋਈ ਵੀ ਸ਼ੱਕੀ ਜਾਂ ਪੁਸ਼ਟੀ ਕੀਤੇ COVID-19 ਦੇ ਮਾਮਲਿਆਂ ਦੀ ਸੂਚਨਾ ਤੁਰੰਤ ਸਥਾਨਕ ਜਨਤਕ ਸਿਹਤ ਇਕਾਈ ਨੂੰ ਦੇਣੀ ਚਾਹੀਦੀ ਹੈ। ਪ੍ਰਿੰਸੀਪਲਾਂ ਨੂੰ ਇੱਕ ਸਮਰਪਿਤ ਜਨਤਕ ਸਿਹਤ ਸੰਪਰਕ ਅਤੇ ਨੇੜਲੀਆਂ COVID-19 ਮੁਲਾਂਕਣ ਸਾਈਟਾਂ ਦੀ ਸੂਚੀ ਬਣਾਈ ਰੱਖਣੀ ਚਾਹੀਦੀ ਹੈ।